**ਨਸਲੀ ਬਰਾਬਰੀ ਨੂੰ ਉਤਸਾਹ ਦੇਣ ਬਾਰੇ**
**ਮੌਜੂਦਾ ਅਤੇ ਯੋਜਨਾਬੱਧ ਕਾਰਵਾਈਆਂ**

# ਵਣਜ, ਸਨਅੱਤ ਅਤੇ ਸੈਰ-ਸਪਾਟੇ ਬਾਰੇ ਬ੍ਰਾਂਚ
# ਵਣਜ ਅਤੇ ਆਰਥਕ ਵਿਕਾਸ ਬਿਊਰੋ

ਵਣਜ ਅਤੇ ਆਰਥਕ ਵਿਕਾਸ ਬਿਊਰੋ (CEDB) ਦੀ ਵਣਜ, ਸਨਅੱਤ ਅਤੇ ਸੈਰ-ਸਪਾਟੇ ਬਾਰੇ ਬ੍ਰਾਂਚ (CITB), ਹੌਂਗ ਕੌਂਗ ਦੇ ਬਾਹਰਲੇ ਦੇਸ਼ਾਂ ਨਾਲ ਵਪਾਰਕ ਸਬੰਧਾਂ, ਸੈਰ-ਸਪਾਟੇ, ਅੰਦਰੂਨੀ ਪੂੰਜੀਕਾਰੀ ਨੂੰ ਉਤਸਾਹ ਦੇਣ, ਰਿਵਾਇਤੀ ਅਤੇ ਨੁਮਾਇਸ਼ੀ ਸੇਵਾਵਾਂ, ਬੌਧਿਕ ਸੰਪਤੀ ਦੀ ਰਾਖੀ, ਸਨਅੱਤ ਅਤੇ ਕਾਰੋਬਾਰੀ ਸਹਾਇਤਾ, ਵਪਾਰ ਨੂੰ ਸਹਿਜ ਬਣਾਉਣ, ਖਪਤਕਾਰ ਸੁਰੱਖਿਆ, ਮੁਕਾਬਲੇਬਾਜ਼ੀ ਨੂੰ ਉਤਸਾਹ ਦੇਣ, ਡਾਕ ਸੇਵਾਵਾਂ ਅਤੇ ਮੌਸਮ ਸਬੰਧੀ ਸੇਵਾਵਾਂ ਬਾਰੇ ਪਾੱਲਿਸੀਆਂ ਅਤੇ ਰਣਨੀਤੀਆਂ ਦਾ ਪ੍ਰਬੰਧ ਅਤੇ ਤਾਲਮੇਲ ਕਰਦੀ ਹੈ। ਇਹ ਬੈਲਟ ਅਤੇ ਰੋਡ ਦੀ ਪਹਿਲਕਦਮੀ (Belt and Road Initiative) ਵਿਚ HKSAR ਦੀ ਹਿੱਸੇਦਾਰੀ ਲਈ ਸਮੁੱਚੀ ਪਾੱਲਿਸੀ ਵੀ ਤੈਅ ਕਰਦੀ ਹੈ ਅਤੇ ਪਹਿਲਕਦਮੀ ਬਾਰੇ HKSAR ਸਰਕਾਰ ਦੇ ਕੰਮ ਵਿਚ ਤਾਲਮੇਲ ਕਰਦੀ ਹੈ। ਵਪਾਰ ਅਤੇ ਸਨਅੱਤ ਮਹਿਕਮਾ, ਇੰਵੈਸਟ ਹੌਂਗ ਕੌਂਗ, ਕਸਟਮ ਅਤੇ ਐਕਸਾਈਜ਼ ਮਹਿਕਮਾ, ਬੌਧਿਕ ਸੰਪਤੀ ਬਾਰੇ ਮਹਿਕਮਾ, ਹੌਂਗ ਕੌਂਗ ਪੋਸਟ ਅਤੇ ਹੌਂਗ ਕੌਂਗ ਔਬਜ਼ਰਬੇਟਰੀ ਵਲੋਂ CITB ਦੀ ਮਦਦ ਕੀਤੀ ਜਾਂਦੀ ਹੈ। ਵਿਦੇਸ਼ਾਂ ਵਿਚਲੇ ਹੌਂਗ ਕੌਂਗ ਦੇ ਆਰਥਕ ਅਤੇ ਵਪਾਰਕ ਦਫ਼ਤਰਾਂ ਵਲੋਂ ਵੀ ਇਸਦੀ ਸਹਾਇਤਾ ਕੀਤੀ ਜਾਂਦੀ ਹੈ।

CITB, ਸਮਾਜ ਦੇ ਸਾਰੇ ਮੈਂਬਰਾਂ ਦੇ ਨਸਲੀ ਪਿਛੋਕੜ ਨੂੰ ਧਿਆਨ ਵਿਚ ਰੱਖੇ ਬਿਨਾ, ਉਹਨਾਂ ਨੂੰ ਆਪਣੀਆਂ ਸੇਵਾਵਾਂ ਤੱਕ ਬਰਾਬਰ ਪਹੁੰਚ ਨੂੰ ਯਕੀਨੀ ਬਣਾਉਣ ਨੂੰ ਬਹੁਤ ਅਹਿਮੀਅਤ ਦਿੰਦੀ ਹੈ ਅਤੇ ਜਿੱਥੇ ਲਾਗੂ ਹੈ, ਵੱਖ-ਵੱਖ ਨਸਲ ਦੇ ਲੋਕਾਂ ਦੀਆਂ ਵਿਸ਼ੇਸ਼ ਜ਼ਰੂਰਤਾਂ, ਜਿਵੇਂ ਉਹਨਾਂ ਦੀਆਂ ਸੇਵਾ ਸਬੰਧੀ ਜ਼ਰੂਰਤਾਂ ਪੂਰੀਆਂ ਕਰਨ ਲਈ ਕਾਰਵਾਈਆਂ ਕਰਦੀ ਰਹੇਗੀ।

(A) CITB ਦੇ ਕੰਮ ਬਾਰੇ ਜਾਣਕਾਰੀ ਲਈ ਬੇਨਤੀਆਂ ਅਤੇ ਪੁੱਛਗਿੱਛ ਕਰਨੀ

| | |
|---|---|
| ਸਬੰਧਿਤ ਸੇਵਾਵਾਂ | ਲੋਕ ਜਾਣਕਾਰੀ ਲਈ ਬੇਨਤੀ ਕਰ ਸਕਦੇ ਹਨ ਅਤੇ ਈਮੇਲ, ਫ਼ੈਕਸ, ਡਾਕ ਅਤੇ ਟੈਲੀਫੋਨ ਰਾਹੀਂ CITB ਦੀ ਪਾੱਲਿਸੀ ਦੇ ਖੇਤਰਾਂ ਸਬੰਧੀ ਇਸਦੇ ਕੰਮ ਬਾਰੇ ਪੁੱਛਗਿੱਛ ਕਰ ਸਕਦੇ ਹਨ। |
| ਮੌਜੂਦਾ ਕਾਰਵਾਈਆਂ | CITB ਦੇ ਕੰਮ ਬਾਰੇ ਜਾਣਕਾਰੀ CITB ਦੀ ਵੈਬਸਾਈਟ (https://www.cedb.gov.hk/citb/) 'ਤੇ ਅਤੇ ਹੌਂਗ ਕੌਂਗ ਦੀਆਂ ਦੋ ਸਰਕਾਰੀ ਭਾਸ਼ਾਵਾਂ (ਉਦਾਹਰਣ ਲਈ, ਚੀਨੀ ਅਤੇ ਅੰਗ੍ਰੇਜ਼ੀ) ਵਿਚ ਸਬੰਧਿਤ ਸਰਕਾਰੀ ਮਹਿਕਮਿਆਂ ਅਤੇ ਸਬੰਧਿਤ ਸਰਕਾਰੀ ਸੰਸਥਾਵਾਂ ਵਿਚ ਉਪਲਬਧ ਹੈ।<br><br>ਸਾਡੀ ਪੁੱਛਗਿੱਛ ਸੇਵਾ, ਨਸਲ ਦੇ ਸਬੰਧ ਵਿਚ ਨਿਰਪੱਖ ਹੈ ਅਤੇ ਜਿਵੇਂ ਢੁਕਵਾਂ ਹੋਇਆ, ਪ੍ਰਾਪਤ ਪੁੱਛਗਿੱਛ ਦੀ ਭਾਸ਼ਾ ਨੂੰ ਵੇਖਦਿਆਂ ਜਵਾਬ ਚੀਨੀ ਜਾਂ ਅੰਗ੍ਰੇਜ਼ੀ |

| | |
|---|---|
| | ਵਿਚ ਦਿੱਤੇ ਜਾਂਦੇ ਹਨ। |
| ਭਵਿੱਖ ਵਿਚ ਕੀਤੇ ਜਾਣ ਵਾਲੇ ਕੰਮ ਦਾ ਮੁਲਾਂਕਣ | ਪਾੱਲਿਸੀਆਂ ਅਤੇ ਰਣਨੀਤੀਆਂ ਤਿਆਰ ਕਰਨ ਲੱਗਿਆਂ, ਅਸੀਂ ਵੱਖ-ਵੱਖ ਨਸਲ ਦੇ ਲੋਕਾਂ ਦੀਆਂ ਜ਼ਰੂਰਤਾਂ ਨੂੰ ਧਿਆਨ ਵਿਚ ਰੱਖਾਂਗੇ ਅਤੇ ਲੋੜ ਪੈਣ 'ਤੇ ਉਹਨਾਂ ਦੀਆਂ ਜ਼ਰੂਰਤਾਂ ਪੂਰੀਆਂ ਕੀਤੇ ਜਾਣ ਨੂੰ ਧਿਆਨ ਵਿਚ ਰੱਖਦਿਆਂ ਆਪਣੀਆਂ ਸੇਵਾਵਾਂ ਦਾ ਜਾਇਜ਼ਾ ਲਵਾਂਗੇ। |
| ਵਾਧੂ ਕਾਰਵਾਈਆਂ ਕੀਤੀਆਂ ਗਈਆਂ/ ਕੀਤੀਆਂ ਜਾਣ | ਹੁਣ ਤੱਕ ਜਾਣਕਾਰੀ ਬਾਰੇ ਬੇਨਤੀਆਂ ਅਤੇ ਪੁੱਛਗਿੱਛ ਚੀਨੀ ਜਾਂ ਅੰਗ੍ਰੇਜ਼ੀ ਵਿਚ ਮਿਲੀਆਂ ਹਨ। ਲੋੜ ਪੈਣ 'ਤੇ ਵੱਖ-ਵੱਖ ਨਸਲ ਦੇ ਲੋਕਾਂ ਤੋਂ ਜਾਣਕਾਰੀ ਬਾਰੇ ਬੇਨਤੀਆਂ ਅਤੇ ਪੁੱਛਗਿੱਛ ਨਾਲ ਨਜਿੱਠਣ ਲਈ ਵੇਰਵੇ ਨਾਲ ਸਮਝਾਉਣ ਅਤੇ ਅਨੁਵਾਦ ਸੇਵਾਵਾਂ ਦਾ ਪ੍ਰਬੰਧ ਕੀਤਾ ਜਾਏਗਾ।<br><br>ਲਗਾਤਾਰ ਮੁਲਾਂਕਣ ਅਤੇ ਸੇਵਾ ਦੇ ਪ੍ਰਬੰਧ ਵਿਚ ਸੁਧਾਰ ਨੂੰ ਸਿਰੇ ਚਾੜ੍ਹਣ ਲਈ, ਸੇਵਾ ਦੀ ਵਰਤੋਂ ਕਰਨ ਵਾਲੇ ਵੱਖ-ਵੱਖ ਨਸਲ ਦੇ ਲੋਕਾਂ ਵਲੋਂ ਕੀਤੀ ਗਈ ਸੇਵਾਵਾਂ ਦੀ ਵਰਤੋਂ ਬਾਰੇ ਡਾਟਾ ਇਕੱਠਾ ਕੀਤਾ ਜਾਏਗਾ। |

ਨਸਲੀ ਬਰਾਬਰੀ ਨੂੰ ਉਤਸਾਹ ਦੇਣ ਬਾਰੇ ਮੌਜੂਦਾ ਅਤੇ ਯੋਜਨਾਬੱਧ ਕਾਰਵਾਈਆਂ ਸਬੰਧੀ ਪੁੱਛਗਿੱਛ ਲਈ, ਕਿਰਪਾ ਕਰਕੇ ਹੇਠਾਂ ਦਿੱਤੇ ਚੈਨਲਾਂ ਰਾਹੀਂ ਐਗਜ਼ੀਕਿਉਟਿਵ ਅਫ਼ਸਰ (ਪ੍ਰਸ਼ਾਸਨ), ਮਿਸ ਕੈਂਡੀ ਕਵਾਨ (Miss Candy KWAN) ਨਾਲ ਸੰਪਰਕ ਕਰੋ –

| | |
|---|---|
| ਟੈਲੀਫੋਨ: | 3655 5429 |
| ਫ਼ੈਕਸ: | 2840 1621 |
| ਈਮੇਲ ਪਤਾ: | citbenq@cedb.gov.hk |
| ਡਾਕ ਦਾ ਪਤਾ: | Commerce and Economic Development Bureau<br>(Commerce, Industry and Tourism Branch)<br>23/F, West Wing, Central Government Offices,<br>2 Tim Mei Avenue, Tamar, Hong Kong |

(B) <u>ਟ੍ਰੈਵਲ ਏਜੰਟਾਂ ਬਾਰੇ ਰਜਿਸਟ੍ਰੀ</u>

| | |
|---|---|
| ਸਬੰਧਿਤ ਸੇਵਾਵਾਂ | CITB ਦੇ ਸੈਰ-ਸਪਾਟੇ ਬਾਰੇ ਕਮਿਸ਼ਨ ਦੀ ਟ੍ਰੈਵਲ ਏਜੰਟਾਂ ਬਾਰੇ ਰਜਿਸਟ੍ਰੀ (TAR), ਟ੍ਰੈਵਲ ਏਜੰਟਾਂ ਬਾਰੇ ਆੱਰਡੀਨੈਂਸ (ਚੈਪਟਰ 218) ਅਨੁਸਾਰ ਟ੍ਰੈਵਲ ਏਜੰਟਾਂ ਦੀ ਲਾਇਸੈਂਸਿੰਗ ਅਤੇ ਉਹਨਾਂ ਨੂੰ ਨੇਮਬੱਧ ਕਰਨ ਦੇ ਨਾਲ ਹੀ, ਟ੍ਰੈਵਲ ਸਨਅੱਤ ਦੇ ਮੁਆਵਜ਼ਾ ਫ਼ੰਡ (TICF) ਹੇਠ ਬਾਹਰਲੇ ਦੇਸ਼ਾਂ ਨੂੰ ਜਾਣ ਵਾਲੇ ਸੈਲਾਨੀਆਂ ਲਈ ਸਹਾਇਤਾ-ਰਾਸ਼ੀ ਬਾਰੇ ਪੁੱਛਗਿੱਛ ਅਤੇ ਅਰਜ਼ੀਆਂ ਨਾਲ ਨਜਿੱਠਣ ਲਈ ਜ਼ਿੰਮੇਵਾਰ ਹੈ। |

| | |
|---|---|
| ਮੌਜੂਦਾ ਕਾਰਵਾਈਆਂ | ਹੌਂਗ ਕੌਂਗ ਦੀਆਂ ਦੋ ਸਰਕਾਰੀ ਭਾਸ਼ਾਵਾਂ (ਉਦਾਹਰਣ ਲਈ, ਚੀਨੀ ਅਤੇ ਅੰਗ੍ਰੇਜ਼ੀ) ਵਿਚ TAR ਦੀ ਵੈਬਸਾਈਟ (https://www.tar.gov.hk/) 'ਤੇ ਟ੍ਰੈਵਲ ਏਜੰਟਾਂ ਦੀ ਲਾਇਸੈਂਸਿੰਗ ਅਤੇ TICF ਬਾਰੇ ਜਾਣਕਾਰੀ ਉਪਲਬਧ ਹੈ। ਸਾਰੇ ਫ਼ਾਰਮ ਅਤੇ ਲੀਫਲੈਟ ਦੋਹਾਂ ਭਾਸ਼ਾਵਾਂ ਵਿਚ ਵੀ ਛਾਪੇ ਜਾਂਦੇ ਹਨ।<br><br>ਲੋੜ ਅਨੁਸਾਰ ਵੱਖ-ਵੱਖ ਨਸਲ ਦੇ ਲੋਕਾਂ ਨਾਲ ਨਜਿੱਠਣ ਲਈ ਵੇਰਵੇ ਨਾਲ ਸਮਝਾਉਣ ਅਤੇ ਅਨੁਵਾਦ ਸੇਵਾਵਾਂ ਦਾ ਪ੍ਰਬੰਧ ਕੀਤਾ ਜਾਏਗਾ। |
| ਭਵਿੱਖ ਵਿਚ ਕੀਤੇ ਜਾਣ ਵਾਲੇ ਕੰਮ ਦਾ ਮੁਲਾਂਕਣ<br><br>ਵਾਧੂ ਕਾਰਵਾਈਆਂ ਕੀਤੀਆਂ ਗਈਆਂ/ ਕੀਤੀਆਂ ਜਾਣ | ਲੋੜ ਪੈਣ 'ਤੇ ਵੱਖ-ਵੱਖ ਨਸਲ ਦੇ ਲੋਕਾਂ ਦੀਆਂ ਜ਼ਰੂਰਤਾਂ ਪੂਰੀਆਂ ਕੀਤੇ ਜਾਣ ਨੂੰ ਵੇਖਦਿਆਂ, TAR ਆਪਣੀਆਂ ਸੇਵਾਵਾਂ ਦਾ ਜਾਇਜ਼ਾ ਲਏਗੀ।<br><br>ਲਗਾਤਾਰ ਮੁਲਾਂਕਣ ਅਤੇ ਸੇਵਾ ਦੇ ਪ੍ਰਬੰਧ ਵਿਚ ਸੁਧਾਰ ਨੂੰ ਸਿਰੇ ਚਾੜ੍ਹਣ ਲਈ, ਸੇਵਾ ਦੀ ਵਰਤੋਂ ਕਰਨ ਵਾਲੇ ਵੱਖ-ਵੱਖ ਨਸਲ ਦੇ ਲੋਕਾਂ ਵਲੋਂ ਕੀਤੀ ਗਈ ਸੇਵਾਵਾਂ ਦੀ ਵਰਤੋਂ ਬਾਰੇ ਡਾਟਾ ਇਕੱਠਾ ਕੀਤਾ ਜਾਏਗਾ।<br><br>ਜਿੱਥੇ ਜ਼ਰੂਰੀ ਅਤੇ ਢੁਕਵਾਂ ਹੈ, ਹੋਰ ਸੁਧਾਰ ਕਰਨ ਲਈ ਵੱਖ-ਵੱਖ ਨਸਲ ਦੇ ਲੋਕਾਂ ਤੋਂ ਮਿਲੀ ਫ਼ੀਡਬੈਕ/ਸੁਝਾਵਾਂ ਨੂੰ ਧਿਆਨ ਵਿਚ ਰੱਖਿਆ ਜਾਏਗਾ। |

TAR ਦੀਆਂ ਸੇਵਾਵਾਂ ਬਾਰੇ ਪੁੱਛਗਿੱਛ ਲਈ, ਕਿਰਪਾ ਕਰਕੇ ਹੇਠਾਂ ਦਿੱਤੇ ਚੈਨਲਾਂ ਰਾਹੀਂ ਟ੍ਰੈਵਲ ਏਜੰਟਾਂ ਦੇ ਸਹਾਇਕ ਰਜਿਸਟਰਾਰ, ਮਿਸ ਪੌਲੀ, HO (Miss Polly HO) ਨਾਲ ਸੰਪਰਕ ਕਰੋ –


| | |
|---|---|
| ਟੈਲੀਫੋਨ: | 3151 7517 |
| ਫ਼ੈਕਸ: | 2521 8829 |
| ਈਮੇਲ ਪਤਾ: | targr@cedb.gov.hk |
| ਡਾਕ ਦਾ ਪਤਾ: | Travel Agents Registry<br>Room 4901, 49/F, Hopewell Centre,<br>183 Queen’s Road East, Wanchai, Hong Kong |


**ਵਣਜ, ਸਨਅੱਤ ਅਤੇ ਸੈਰ-ਸਪਾਟੇ ਬਾਰੇ ਬ੍ਰਾਂਚ**

**ਵਣਜ ਅਤੇ ਆਰਥਕ ਵਿਕਾਸ ਬਿਉਰੋ**

**ਜੂਨ 2021**